# ਪ੍ਰਧਾਨ ਮੰਤਰੀ ਨੇ ਮਾਰੀਸ਼ਸ ਦੇ ਪ੍ਰਧਾਨ ਮੰਤਰੀ ਅਤੇ ਸ਼੍ਰੀਲੰਕਾ ਦੇ ਰਾਸ਼ਟਰਪਤੀ ਦੇ ਨਾਲ ਸਾਂਝੇ ਤੌਰ 'ਤੇ ਯੂ.ਪੀ.ਆਈ. ਸੇਵਾਵਾਂ ਦਾ ਉਦਘਾਟਨ ਕੀਤਾ

ਫਰਵਰੀ 12, 2024

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਅੱਜ, ਸ਼੍ਰੀਲੰਕਾ ਦੇ ਰਾਸ਼ਟਰਪਤੀ ਮਹਾਮਹਿਮ ਸ਼੍ਰੀ ਰਾਨਿਲ ਵਿਕਰਮਸਿੰਘੇ ਅਤੇ ਮਾਰੀਸ਼ਸ ਦੇ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀ ਪ੍ਰਵਿੰਦ ਜੁਗਨਾਥ ਨਾਲ ਸਾਂਝੇ ਤੌਰ 'ਤੇ ਵੀਡੀਓ ਕਾਨਫਰੰਸਿੰਗ ਰਾਹੀਂ ਸ਼੍ਰੀਲੰਕਾ ਅਤੇ ਮਾਰੀਸ਼ਸ ਵਿੱਚ ਯੂਨੀਫਾਈਡ ਪੇਮੈਂਟ ਇੰਟਰਫੇਸ (ਯੂ.ਪੀ.ਆਈ.) ਸੇਵਾਵਾਂ ਦੀ ਸ਼ੁਰੂਆਤ ਅਤੇ ਨਾਲ ਹੀ ਮਾਰੀਸ਼ਸ ਵਿੱਚ ਰੁਪੇ ਕਾਰਡ ਸੇਵਾਵਾਂ ਦਾ ਉਦਘਾਟਨ ਕੀਤਾ।

ਮਾਰੀਸ਼ਸ ਦੇ ਪ੍ਰਧਾਨ ਮੰਤਰੀ, ਸ਼੍ਰੀ ਪ੍ਰਵਿੰਦ ਜੁਗਨਾਥ ਨੇ ਦੱਸਿਆ ਕਿ ਸਹਿ-ਬ੍ਰਾਂਡ ਵਾਲੇ ਰੁਪੇ ਕਾਰਡ ਨੂੰ ਮਾਰੀਸ਼ਸ ਵਿੱਚ ਘਰੇਲੂ ਕਾਰਡ ਵਜੋਂ ਮਨੋਨੀਤ ਕੀਤਾ ਜਾਵੇਗਾ। ਅੱਜ ਦਾ ਲਾਂਚ, ਪ੍ਰਧਾਨ ਮੰਤਰੀ ਨੇ ਕਿਹਾ, ਦੋਵੇਂ ਦੇਸ਼ਾਂ ਦੇ ਨਾਗਰਿਕਾਂ ਨੂੰ ਬਹੁਤ ਸਹੂਲਤ ਦੇਵੇਗਾ।

ਸ਼੍ਰੀਲੰਕਾ ਦੇ ਰਾਸ਼ਟਰਪਤੀ ਸ਼੍ਰੀ ਰਾਨਿਲ ਵਿਕਰਮਸਿੰਘੇ ਨੇ ਪ੍ਰਧਾਨ ਮੰਤਰੀ ਨੂੰ ਅਯੁੱਧਿਆ ਧਾਮ ਵਿਖੇ ਸ਼੍ਰੀ ਰਾਮ ਮੰਦਿਰ ਦੀ ਪ੍ਰਾਣ-ਪ੍ਰਤਿਸ਼ਠਾ ਵਾਸਤੇ ਵਧਾਈ ਦਿੱਤੀ। ਉਨ੍ਹਾਂ ਨੇ ਸਦੀਆਂ ਪੁਰਾਣੇ ਆਰਥਿਕ ਸਬੰਧਾਂ 'ਤੇ ਵੀ ਜ਼ੋਰ ਦਿੱਤਾ। ਰਾਸ਼ਟਰਪਤੀ ਨੇ ਦੋਵੇਂ ਦੇਸ਼ਾਂ ਦੇ ਵਿਚਕਾਰ ਸਬੰਧਾਂ ਦੇ ਵੇਗ ਨੂੰ ਕਾਇਮ ਰੱਖਣ ਅਤੇ ਡੂੰਘੇ ਹੋਣ ਦੀ ਉਮੀਦ ਪ੍ਰਗਟ ਕੀਤੀ।

ਇਸ ਅਵਸਰ ਨੂੰ ਸੰਬੋਧਨ ਕਰਦੇ ਹੋਏ, ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਜ ਭਾਰਤ, ਸ਼੍ਰੀਲੰਕਾ ਅਤੇ ਮਾਰੀਸ਼ਸ ਤਿੰਨੇ ਮਿੱਤਰ ਦੇਸ਼ਾਂ ਵਾਸਤੇ ਇੱਕ ਖਾਸ ਦਿਨ ਹੈ ਜਦੋਂ ਉਨ੍ਹਾਂ ਦੇ ਇਤਿਹਾਸਕ ਸਬੰਧਾਂ ਨੇ ਆਧੁਨਿਕ ਡਿਜੀਟਲ ਕਨੈਕਟ ਦਾ ਰੂਪ ਧਾਰ ਲਿਆ ਹੈ। ਉਨ੍ਹਾਂ ਨੇ ਕਿਹਾ ਕਿ ਇਹ ਸਰਕਾਰ ਦੀ ਲੋਕਾਂ ਦੇ ਵਿਕਾਸ ਪ੍ਰਤੀ ਵਚਨਬੱਧਤਾ ਦਾ ਸਬੂਤ ਹੈ। ਪ੍ਰਧਾਨ ਮੰਤਰੀ ਨੇ ਰੇਖਾਂਕਿਤ ਕੀਤਾ ਕਿ ਫਿਨਟੇਕ ਕਨੈਕਟੀਵਿਟੀ ਸਰਹੱਦ ਪਾਰ ਦੇ ਲੈਣ-ਦੇਣ ਅਤੇ ਸੰਪਰਕਾਂ ਨੂੰ ਹੋਰ ਮਜ਼ਬੂਤ ਕਰੇਗੀ। ਪ੍ਰਧਾਨ ਮੰਤਰੀ ਨੇ ਜ਼ੋਰ ਦਿੰਦਿਆਂ ਕਿਹਾ, "ਭਾਰਤ ਦਾ ਯੂ.ਪੀ.ਆਈ. ਜਾਂ ਯੂਨੀਫਾਈਡ ਪੇਮੈਂਟ ਇੰਟਰਫੇਸ ਅੱਜ ਇੱਕ ਨਵੀਂ ਭੂਮਿਕਾ ਵਿੱਚ ਆਇਆ ਹੈ - ਭਾਰਤ ਦੇ ਨਾਲ ਇਸਦੇ ਸਾਂਝੇਦਾਰਾਂ ਨੂੰ ਯੂਨਾਇਟ ਕਰਨਾ (ਜੋੜਨਾ)"।

ਪ੍ਰਧਾਨ ਮੰਤਰੀ ਨੇ ਰੇਖਾਂਕਿਤ ਕੀਤਾ ਕਿ ਡਿਜੀਟਲ ਜਨਤਕ ਬੁਨਿਆਦੀ ਢਾਂਚੇ ਨੇ ਭਾਰਤ ਵਿੱਚ ਇੱਕ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ ਹੈ, ਜਿੱਥੇ ਦੂਰ-ਦੁਰਾਡੇ ਦੇ ਪਿੰਡਾਂ ਵਿੱਚ ਸਭ ਤੋਂ ਛੋਟੇ ਵਿਕਰੇਤਾ ਯੂ.ਪੀ.ਆਈ. ਰਾਹੀਂ ਲੈਣ-ਦੇਣ ਕਰ ਰਹੇ ਹਨ ਅਤੇ ਡਿਜੀਟਲ ਭੁਗਤਾਨ ਕਰ ਰਹੇ ਹਨ। ਯੂ.ਪੀ.ਆਈ. ਲੈਣ-ਦੇਣ ਦੀ ਸਹੂਲਤ ਅਤੇ ਗਤੀ ਬਾਰੇ ਗੱਲ ਕਰਦੇ ਹੋਏ, ਪ੍ਰਧਾਨ ਮੰਤਰੀ ਨੇ ਦੱਸਿਆ ਕਿ ਪਿਛਲੇ ਸਾਲ ਯੂ.ਪੀ.ਆਈ. ਰਾਹੀਂ 2 ਲੱਖ ਕਰੋੜ ਰੁਪਏ ਜਾਂ 8 ਟ੍ਰਿਲੀਅਨ ਸ਼੍ਰੀਲੰਕਾਈ ਰੁਪਏ ਜਾਂ 1 ਟ੍ਰਿਲੀਅਨ ਮਾਰੀਸ਼ਸ ਰੁਪਏ ਦੇ 100 ਬਿਲੀਅਨ ਤੋਂ ਵੱਧ ਲੈਣ-ਦੇਣ ਹੋਏ ਸਨ। ਪ੍ਰਧਾਨ ਮੰਤਰੀ ਨੇ ਬੈਂਕ ਖਾਤਿਆਂ, ਆਧਾਰ ਅਤੇ ਮੋਬਾਈਲ ਫੋਨਾਂ ਦੀ ਜੀ.ਈ.ਐਮ. ਟ੍ਰਿਨਿਟੀ ਦੁਆਰਾ ਆਖਰੀ-ਮੀਲ ਡਿਲੀਵਰੀ ਕਰਨ ਦਾ ਵੀ ਜ਼ਿਕਰ ਕੀਤਾ ਜਿੱਥੇ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ 34 ਲੱਖ ਕਰੋੜ ਰੁਪਏ ਜਾਂ 400 ਬਿਲੀਅਨ ਅਮਰੀਕੀ ਡਾਲਰ ਟ੍ਰਾਂਸਫਰ ਕੀਤੇ ਗਏ ਹਨ। ਪ੍ਰਧਾਨ ਮੰਤਰੀ ਨੇ ਦੱਸਿਆ ਕਿ ਕੋਵਿਨ ਪਲੇਟਫਾਰਮ ਇੰਡੀਆ ਨੇ ਦੁਨੀਆ ਦਾ ਸਭ ਤੋਂ ਵੱਡਾ ਟੀਕਾਕਰਨ ਪ੍ਰੋਗਰਾਮ ਆਯੋਜਿਤ ਕੀਤਾ ਹੈ। ਪ੍ਰਧਾਨ ਮੰਤਰੀ ਨੇ ਕਿਹਾ, "ਟੈਕਨੋਲੋਜੀ ਦੀ ਵਰਤੋਂ ਪਾਰਦਰਸ਼ਤਾ ਨੂੰ ਵਾਧਾ ਦਿੰਦੀ ਹੈ, ਭ੍ਰਿਸ਼ਟਾਚਾਰ ਨੂੰ ਘਟਾਉਂਦੀ ਹੈ ਅਤੇ ਸਮਾਜ ਵਿੱਚ ਸਮਾਵੇਸ਼ ਨੂੰ ਵਧਾਉਂਦੀ ਹੈ", ਪ੍ਰਧਾਨ ਮੰਤਰੀ ਨੇ ਕਿਹਾ।

ਪ੍ਰਧਾਨ ਮੰਤਰੀ ਨੇ ਜ਼ੋਰ ਦਿੰਦਿਆਂ ਕਿਹਾ ਕਿ ਭਾਰਤ ਦੀ ਨੀਤੀ ਹੈ 'ਗੁਆਂਢੀ ਸਭ ਤੋਂ ਪਹਿਲਾਂ'। ਸਾਡਾ ਸਮੁੰਦਰ ਵਾਸਤੇ ਵਿਜ਼ਨ 'ਸਾਗਰ' ਹੈ, ਜਿਸਦਾ ਉਦੇਸ਼ ਹੈ ਖੇਤਰ ਵਿੱਚ ਸਾਰਿਆਂ ਵਾਸਤੇ ਸੁਰੱਖਿਆ ਅਤੇ ਵਿਕਾਸ ਹੈ। ਭਾਰਤ ਆਪਣੇ ਵਿਕਾਸ ਨੂੰ ਆਪਣੇ ਗੁਆਂਢੀਆਂ ਤੋਂ ਵੱਖ ਕਰਕੇ ਨਹੀਂ ਦੇਖਦਾ।"

ਸ੍ਰੀਲੰਕਾ ਦੇ ਰਾਸ਼ਟਰਪਤੀ ਦੇ ਪਿਛਲੇ ਦੌਰੇ ਦੌਰਾਨ ਅਪਣਾਏ ਗਏ ਵਿਜ਼ਨ ਦਸਤਾਵੇਜ਼ ਦਾ ਹਵਾਲਾ ਦਿੰਦੇ ਹੋਏ, ਪ੍ਰਧਾਨ ਮੰਤਰੀ ਨੇ ਵਿੱਤੀ ਸੰਪਰਕ ਨੂੰ ਮਜ਼ਬੂਤ ਕਰਨ ਨੂੰ ਇਸਦੇ ਮੁੱਖ ਹਿੱਸੇ ਵਜੋਂ ਉਜਾਗਰ ਕੀਤਾ। ਪ੍ਰਧਾਨ ਮੰਤਰੀ ਪ੍ਰਵਿੰਦ ਜੁਗਨਾਥ ਨਾਲ ਵੀ, ਇਹ ਚਰਚਾਵਾਂ ਕੀਤੀਆਂ ਗਈਆਂ ਕਿਉਂਕਿ ਉਹ ਜੀ-20 ਸੰਮੇਲਨ ਦੌਰਾਨ ਵਿਸ਼ੇਸ਼ ਮਹਿਮਾਨ ਸਨ।

ਪ੍ਰਧਾਨ ਮੰਤਰੀ ਨੇ ਭਰੋਸਾ ਪ੍ਰਗਟ ਕੀਤਾ ਕਿ ਯੂ.ਪੀ.ਆਈ. ਦੇ ਨਾਲ ਜੁੜਨ ਨਾਲ ਸ੍ਰੀਲੰਕਾ ਅਤੇ ਮਾਰੀਸ਼ਸ ਨੂੰ ਲਾਭ ਹੋਵੇਗਾ ਅਤੇ ਡਿਜੀਟਲ ਪਰਿਵਰਤਨ ਨੂੰ ਹੁਲਾਰਾ ਮਿਲੇਗਾ, ਸਥਾਨਕ ਅਰਥਵਿਵਸਥਾਵਾਂ ਵਿੱਚ ਸਕਾਰਾਤਮਕ ਬਦਲਾਅ ਦੇਖਣ ਨੂੰ ਮਿਲੇਗਾ ਅਤੇ ਸੈਰ-ਸਪਾਟੇ ਨੂੰ ਵਾਧਾ ਮਿਲੇਗਾ। ਪ੍ਰਧਾਨ ਮੰਤਰੀ ਨੇ ਅੱਗੇ ਕਿਹਾ, "ਮੈਨੂੰ ਭਰੋਸਾ ਹੈ ਕਿ ਭਾਰਤੀ ਸੈਲਾਨੀ ਉਨ੍ਹਾਂ ਜਗਾਵਾਂ ਤੇ ਜਾਣ ਨੂੰ ਪਹਿਲ ਦੇਣਗੇ ਜਿਥੇ ਯੂ.ਪੀ.ਆਈ. ਮੌਜੂਦ ਹੈ। ਸ੍ਰੀਲੰਕਾ ਅਤੇ ਮਾਰੀਸ਼ਸ ਵਿੱਚ ਰਹਿਣ ਵਾਲੇ ਭਾਰਤੀ ਮੂਲ ਦੇ ਲੋਕਾਂ ਅਤੇ ਉੱਥੇ ਪੜ੍ਹ ਰਹੇ ਵਿਦਿਆਰਥੀਆਂ ਨੂੰ ਵੀ ਇਸ ਦਾ ਵਿਸ਼ੇਸ਼ ਲਾਭ ਪ੍ਰਾਪਤ ਹੋਵੇਗਾ", ਪ੍ਰਧਾਨ ਮੰਤਰੀ ਨੇ ਅੱਗੇ ਕਿਹਾ। ਪੀ.ਐਮ. ਮੋਦੀ ਨੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ, ਏਸ਼ੀਆ 'ਚ ਨੇਪਾਲ, ਭੂਟਾਨ, ਸਿੰਗਾਪੁਰ ਅਤੇ ਖਾੜੀ 'ਚ ਯੂ.ਏ.ਈ. ਅਤੇ ਹੁਣ ਅਫਰੀਕਾ 'ਚ ਮੌਰੀਸ਼ਸ ਰੂਪੇ ਕਾਰਡ ਲਾਂਚ ਕੀਤਾ ਜਾ ਰਿਹਾ ਹੈ। ਇਸ ਨਾਲ ਮਾਰੀਸ਼ਸ ਤੋਂ ਭਾਰਤ ਆਉਣ ਵਾਲੇ ਲੋਕਾਂ ਨੂੰ ਵੀ ਸਹੂਲਤ ਮਿਲੇਗੀ। ਹਾਰਡ ਕਰੰਸੀ ਖਰੀਦਣ ਦੀ ਜ਼ਰੂਰਤ ਵੀ ਘੱਟ ਜਾਵੇਗੀ। ਯੂ.ਪੀ.ਆਈ. ਅਤੇ ਰੂਪੇ ਕਾਰਡ ਪ੍ਰਣਾਲੀ ਸਾਡੀ ਆਪਣੀ ਮੁਦਰਾ ਵਿੱਚ ਰੀਅਲ-ਟਾਈਮ, ਲਾਗਤ-ਪ੍ਰਭਾਵੀ ਅਤੇ ਸੁਵਿਧਾਜਨਕ ਭੁਗਤਾਨਾਂ ਨੂੰ ਸਮਰੱਥ ਬਣਾਵੇਗੀ। ਆਉਣ ਵਾਲੇ ਸਮੇਂ ਵਿੱਚ, ਅਸੀਂ ਅੰਤਰ-ਸਰਹੱਦੀ ਰਿਮਿਟੈਂਸ ਯਾਨੀ ਵਿਅਕਤੀ ਤੋਂ ਵਿਅਕਤੀ (ਪੀ2ਪੀ) ਭੁਗਤਾਨ ਸਹੂਲਤ ਵੱਲ ਵਧ ਸਕਦੇ ਹਾਂ, ਪ੍ਰਧਾਨ ਮੰਤਰੀ ਨੇ ਅੱਗੇ ਕਿਹਾ।

ਪ੍ਰਧਾਨ ਮੰਤਰੀ ਨੇ ਰੇਖਾਂਕਿਤ ਕੀਤਾ ਕਿ ਅੱਜ ਦਾ ਲਾਂਚ ਗਲੋਬਲ ਦੱਖਣ ਦੇ ਸਹਿਯੋਗ ਦੀ ਸਫਲਤਾ ਦਾ ਪ੍ਰਤੀਕ ਹੈ। "ਸਾਡੇ ਸਬੰਧ ਸਿਰਫ਼ ਲੈਣ-ਦੇਣ ਦੇ ਨਹੀਂ ਹਨ, ਇਹ ਇੱਕ ਇਤਿਹਾਸਕ ਸਬੰਧ ਹੈ", ਪ੍ਰਧਾਨ ਮੰਤਰੀ ਮੋਦੀ ਨੇ ਤਿੰਨਾਂ ਦੇਸ਼ਾਂ ਵਿਚਕਾਰ ਲੋਕਾਂ ਤੋਂ ਲੋਕਾਂ ਨਾਲ ਸਬੰਧਾਂ ਦੀ ਮਜ਼ਬੂਤੀ ਨੂੰ ਉਜਾਗਰ ਕਰਨ 'ਤੇ ਜ਼ੋਰ ਦਿੱਤਾ। ਪਿਛਲੇ ਦਸ ਸਾਲਾਂ ਵਿੱਚ ਭਾਰਤ ਵੱਲੋਂ ਆਪਣੇ ਗੁਆਂਢੀ ਦੋਸਤਾਂ ਦਾ ਸਮਰਥਨ ਕਰਨ ਵੱਲ ਧਿਆਨ ਦਿਵਾਉਂਦੇ ਹੋਏ, ਪ੍ਰਧਾਨ ਮੰਤਰੀ ਮੰਤਰੀ ਨੇ ਕਿਹਾ ਕਿ ਭਾਰਤ ਸੰਕਟ ਦੀ ਹਰ ਘੜੀ ਵਿੱਚ ਆਪਣੇ ਦੋਸਤਾਂ ਨਾਲ ਖੜ੍ਹਾ ਹੈ, ਚਾਹੇ ਉਹ ਕੁਦਰਤੀ ਆਫ਼ਤਾਂ ਹੋਵੇ, ਸਿਹਤ ਨਾਲ ਸਬੰਧਤ ਮੁੱਦੇ, ਆਰਥਿਕ ਜਾਂ ਅੰਤਰਰਾਸ਼ਟਰੀ ਮੰਚ 'ਤੇ ਸਹਾਇਤਾ। ''ਭਾਰਤ ਸਭ ਤੋਂ ਪਹਿਲਾ ਅੱਗੇ ਵੱਧ ਕੇ ਜਵਾਬ ਦੇਣ ਵਾਲਾ ਰਿਹਾ ਹੈ ਅਤੇ ਅੱਗੇ ਵੀ ਰਹੇਗਾ, ਪ੍ਰਧਾਨ ਮੰਤਰੀ ਨੇ ਰੇਖਾਂਕਿਤ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਭਾਰਤ ਦੀ ਜੀ-20 ਪ੍ਰਧਾਨਗੀ ਦੌਰਾਨ ਵੀ ਗਲੋਬਲ ਦੱਖਣ ਦੀਆਂ ਚਿੰਤਾਵਾਂ ਵੱਲ ਵਿਸ਼ੇਸ਼ ਧਿਆਨ ਦਿਵਾਇਆ। ਉਨ੍ਹਾਂ ਨੇ ਭਾਰਤ ਦੇ ਡਿਜੀਟਲ ਜਨਤਕ ਬੁਨਿਆਦੀ ਢਾਂਚੇ ਦੇ ਫਾਇਦਿਆਂ ਨੂੰ ਗਲੋਬਲ ਦੱਖਣ ਦੇ ਦੇਸ਼ਾਂ ਤੱਕ ਪਹੁੰਚਾਉਣ ਵਾਸਤੇ ਇੱਕ ਸਮਾਜਿਕ ਪ੍ਰਭਾਵ ਫੰਡ ਸਥਾਪਤ ਕਰਨ ਦਾ ਜ਼ਿਕਰ ਕੀਤਾ।

ਸੰਬੋਧਨ ਨੂੰ ਸਮਾਪਤੀ ਕਰਦਿਆਂ, ਪ੍ਰਧਾਨ ਮੰਤਰੀ ਨੇ ਰਾਸ਼ਟਰਪਤੀ ਰਾਨਿਲ ਵਿਕਰਮਸਿੰਘੇ ਅਤੇ ਪ੍ਰਧਾਨ ਮੰਤਰੀ ਪ੍ਰਵਿੰਦ ਜੁਗਨਾਥ ਦਾ ਤਹਿ ਦਿਲੋਂ ਧੰਨਵਾਦ ਕੀਤਾ, ਜਿਨ੍ਹਾਂ ਨੇ ਅੱਜ ਦੇ ਲਾਂਚ ਵਿੱਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਇਸ ਲਾਂਚ ਨੂੰ ਸਫਲ ਬਣਾਉਣ ਲਈ ਤਿੰਨਾਂ ਦੇਸ਼ਾਂ ਦੇ ਕੇਂਦਰੀ ਬੈਂਕਾਂ ਅਤੇ ਏਜੰਸੀਆਂ ਦਾ ਵੀ ਧੰਨਵਾਦ ਕੀਤਾ।

**ਨਵੀਂ ਦਿੱਲੀ**
**ਫਰਵਰੀ 12, 2024**